# ਪੰਜਾਬ ਐਜੂਸੈਟ ਸੁਸਾਇਟੀ

ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,
ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।
ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com

ਵੱਲ,

1. ਸਮੂਹ ਸਰਕਲ ਸਿੱਖਿਆ ਅਫਸਰ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
3. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
4. ਸਮੂਹ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: 24/40/2008/ਪੀ.ਈ.ਐਸ/ਸਪੈਸ਼ਲ ਪ੍ਰੋਗਰਾਮ/੮੦੫੧-੭੫
ਮਿਤੀ: ..੨੧.. ਜਨਵਰੀ, 2014.

ਵਿਸ਼ਾ: **ਐਜੂਸੈਟ ਦੁਆਰਾ "Safe School Vahan Scheme" ਸਬੰਧੀ ਪ੍ਰਾਈਵੇਟ ਸਕੂਲਾਂ ਸਬੰਧੀ ਵਿਸ਼ੇਸ਼ ਪ੍ਰੋਗਰਾਮ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਐਜੂਸੈਟ ਸੁਸਾਇਟੀ ਵੱਲੋਂ ਐਜੂਸੈਟ ਰਾਹੀਂ *"Safe School Vahan Scheme"* ਸਬੰਧੀ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਜਾ ਰਿਹਾ ਹੈ, ਜਿਸ ਵਿੱਚ ਪ੍ਰਾਈਵੇਟ ਸਕੂਲਾਂ ਦੇ ਮੁੱਖੀ, ਇੱਕ ਅਧਿਆਪਕ ਅਤੇ ਇੱਕ ਵਿਦਿਆਰਥੀ ਨੁਮਾਇੰਦਾ ਨੇੜੇ ਦੇ ਸਰਕਾਰੀ ਸਕੂਲ ਜਿਥੇ ਐਜੂਸੈਟ ਸੁਵਿਧਾ ਚਾਲੂ ਹਾਲਤ ਵਿੱਚ ਉਪਲਬਧ ਹੈ, ਵਿਖੇ ਨਿਰਧਾਰਿਤ ਸਮੇਂ ਤੇ ਇਹ ਪ੍ਰੋਗਰਾਮ ਅਟੈਂਡ ਕਰਨਗੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਜਿਲ੍ਹਾ ਐਜੂਸੈਟ ਕੋਆਰਡੀਨੇਟਰ ਰਾਹੀਂ ਆਪਣੇ ਜਿਲ੍ਹੇ ਦੇ ਪ੍ਰਾਈਵੇਟ ਸੰਸਥਾਵਾਂ ਨੂੰ ਐਜੂਸੈਟ ਦੀ ਨੇੜੇ ਦੀ ਸਾਈਟ ਐਲੋਕੇਟ ਕਰਕੇ ਉਹਨਾਂ ਨੂੰ ਸੂਚਿਤ ਕਰਨਗੇ ਅਤੇ ਸਬੰਧਤ ਸਰਕਾਰੀ ਸਕੂਲ ਮੁੱਖੀ ਦੀ ਨਿਗਰਾਨੀ ਹੇਠ ਐਜੂਸੈਟ ਦੇ ਕਮਰੇ ਵਿੱਚ ਉਹਨਾਂ ਨੂੰ ਇਹ ਪ੍ਰੋਗਰਾਮ ਅਟੈਂਡ ਕਰਵਾਇਆ ਜਾਵੇਗਾ। ਇਸ ਵਿੱਚ ਸਟੇਟ ਹੱਬ ਤੋਂ ਸਟੇਟ ਟ੍ਰਾਂਸਪੋਰਟ ਅਥਾਰਿਟੀ ਦਾ ਨੁਮਾਇੰਦਾ (ਸ਼੍ਰੀ ਕਰਨ ਸਿੰਘ, ਡੀ.ਟੀ.ਈ.ਓ ਮੁਹਾਲੀ) ਅਤੇ ਵਿਸ਼ਾ ਮਾਹਿਰ ਸ਼੍ਰੀਮਤੀ ਬਿੰਦੂ ਗੁਲਾਟੀ ਪੈਨਲ ਡਿਸਕਸ਼ਨ ਕਰਨਗੇ ਜਿਸ ਵਿੱਚ *"Safe School Vahan Scheme"* ਸਬੰਧੀ ਮੁਕੰਮਲ ਜਾਣਕਾਰੀ ਦਿੱਤੀ ਜਾਵੇਗੀ। ਜਿਹੜੇ ਜਿਲਿਆਂ ਵਿੱਚ ਪ੍ਰਾਈਵੇਟ ਸਕੂਲਾਂ ਦੀ ਗਿਣਤੀ ਜਿਆਦਾ ਹੈ ਉਹ ਮਿਤੀ 31.01.214 ਨੂੰ ਵੀ ਇਸ ਦਾ ਰਿਪੀਟ ਟੈਲੀਕਾਸਟ ਉਸੇ ਹੀ ਸਮੇਂ ਤੇ ਦੇਖ ਸਕਦੇ ਹਨ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ।

| | | |
|---|---|---|
| *ਮਿਤੀ* | : | *30.01.2014 ਅਤੇ 31.01.2014* |
| *ਸਮਾ* | : | *ਸਵੇਰੇ 10:00 ਤੋਂ 10:40 ਵਜੇ ਤੱਕ* |
| *ਜਿਥੇ ਪ੍ਰੋਗਰਾਮ ਅਟੈਂਡ ਕਰਨਾ ਹੈ* | : | *ਨੇੜੇ ਦੇ ਸਰਕਾਰੀ ਸਕੂਲ ਦਾ ਆਰ.ਓ.ਟੀ ਜਾਂ ਐਸ.ਆਈ.ਟੀ (ਜਿਸ ਸਬੰਧੀ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਵੱਲੋਂ ਪ੍ਰਾਈਵੇਟ ਸਕੂਲਾਂ ਨੂੰ ਯੋਜਨਾਬੰਦੀ ਕਰਕੇ ਸੂਚਿਤ ਕੀਤਾ ਜਾਵੇਗਾ) ਤਾਂ ਜੋ ਕਿਸੇ ਐਜੂਸੈਟ ਕਮਰੇ ਵਿੱਚ 30 ਤੋਂ ਵੱਧ ਇੱਕਠ ਨਾ ਹੋ ਜਾਵੇ।* |

ਕੁਮਾਰ ਰਾਹੁਲ, ਆਈ.ਏ.ਐਸ.
ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/40/2008/ਪੀ.ਈ.ਐਸ/ਸਪੈਸ਼ਲ ਪ੍ਰੋਗਰਾਮ/੮੦੭੬ ਮਿਤੀ: ੨੧.੦੧.੨੦੧੪.

ਉਪਰੋਕਤ ਦਾ ਉਤਾਰਾ ਡੀ.ਐਮ.(ਐਮ.ਆਈ.ਐਸ) ਨੂੰ ਪੱਤਰ ਵੈਬਸਾਈਟ ਤੇ ਤੁਰੰਤ ਉਪਲਬਧ ਕਰਵਾਉਣ ਲਈ ਭੇਜੀਆਂ ਜਾਂਦਾ ਹੈ।

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ